بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 07.08.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਬੀਤੇ ਸਾਲ ਅੰਤਰ ਰਾਸ਼ਟਰੀ ਅਹਮਦੀਆਂ ਮੁਸਲਿਮ ਜਮਾਤ ਉਪੱਰ ਰੱਬ ਦੀਆਂ ਹੋਣ ਵਾਲੀਆਂ ਮਿਹਰਾਂ ਤੇ ਉਪਹਾਰਾਂ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 7 ਅਗਸਤ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُولُهٗ أَمَّا بعد فاعوذ بالله من الشيطٰن الرجيم ـ
بِسۡمِ اللّٰهِ الرَّحۡمٰنِ الرَّحِيۡمِ ـ اَلۡحَمۡدُ لِلّٰهِ رَبِّ الۡعَالَمِيۡنَ ـ الرَّحۡمٰنِ الرَّحِيۡمِ ـ مَالِكِ يَوۡمِ الدِّيۡنِ ـ إِيَّاكَ نَعۡبُدُ وَإِيَّاكَ نَسۡتَعِيۡنُ ـ
اِهۡدِنَا الصِّرَاطَ الۡمُسۡتَقِيۡمَ ـ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ـ

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਸਫ਼ ਦੀਆਂ ਇਹਨਾ ਆਇਤਾਂ ਦੀ ਤਿਲਾਵਤ ਫ਼ਰਮਾਈ :

يُرِيۡدُوۡنَ لِيُطۡفِـُٔوۡا نُوۡرَ اللّٰهِ بِاَفۡوَاهِهِمۡ وَاللّٰهُ مُتِمُّ نُوۡرِهٖ وَلَوۡ كَرِهَ الۡكٰفِرُوۡنَ ○ هُوَ الَّذِيۡۤ اَرۡسَلَ رَسُوۡلَهٗ بِالۡهُدٰى وَدِيۡنِ الۡحَقِّ لِيُظۡهِرَهٗ عَلَى الدِّيۡنِ كُلِّهٖ ۙ وَلَوۡ كَرِهَ الۡمُشۡرِكُوۡنَ ○ (الصف : 9،10)

ਫ਼ਰਮਾਇਆ : ਇਹਨਾ ਆਇਤਾਂ ਦਾ ਅਰਥ ਇਹ ਹੈ ਕਿ ਉਹ ਚਾਹੁੰਦੇ ਹਨ ਕਿ ਆਪਣੇ ਮੂਹਾਂ ਦੀਆਂ ਫੂਕਾਂ ਨਾਲ ਰੱਬ ਦੇ ਨੂਰ ਨੂੰ ਬੁਝਾ ਦੇਣ ਜੱਦ ਕਿ ਰੱਬ ਹਰ ਹਾਲ ਵਿੱਚ ਆਪਣਾ ਨੂਰ ਪੂਰਾ ਕਰਨ ਵਾਲਾ ਹੈ ਭਾਵੇਂ ਕਾਫ਼ਰ ਨਾਪਸੰਦ ਕਰਨ । ਉਹੋ ਹੈ ਜਿਸ ਨੇ ਆਪਣੇ ਰਸੂਲ ਨੂੰ ਮਾਰਗਦਰਸ਼ਕ ਬਣਾਕੇ ਸੱਚੇ ਧਰਮ ਨਾਲ ਭੇਜਿਆ ਤਾਂ ਜੋ ਉਹ ਉਸਨੂੰ ਧਰਮ ਦੇ ਹਰ ਪੱਖ ਵਿੱਚ ਪੂਰਨਤਾ ਸਫ਼ਲ ਕਰੇ ਭਾਵੇਂ ਮੁਸ਼ਰਿਕ ਬੁਰਾ ਮਨਾਉਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ 7 ਅਗਸਤ ਹੈ ਅਤੇ ਇਹ ਜਮਾਤ ਅਹਮਦੀਆ ਯੂ.ਕੇ. ਦੇ ਕੈਲੰਡਰ ਅਨੁਸਾਰ ਜਲਸਾ ਸਾਲਾਨਾ ਯੂ.ਕੇ. ਦਾ ਪਹਿਲਾ ਦਿਨ ਹੈ ਪਰ ਇਸ ਵਬਾ (ਕੋਵਿਡ 19) ਕਰਕੇ ਜੋ ਸਾਰੇ ਸੰਸਾਰ ਵਿੱਚ ਫ਼ੈਲੀ ਹੋਈ ਹੈ ਇਸ ਸਾਲ ਜਲਸਾ ਸਾਲਾਨਾ ਦਾ ਆਯੋਜਨ ਨਹੀਂ ਹੋ ਸਕਿਆ । ਰੱਬ ਛੇਤੀ ਹੀ ਹਾਲਾਤਾਂ ਨੂੰ ਸਧਾਰਣ ਅਵਸਥਾ ਵਿੱਚ ਲਿਆਏ ਤਾਂ ਜੋ ਅਸੀਂ ਉਸੇ ਪ੍ਰਕਾਰ ਸਾਰੀਆਂ ਰਿਵਾਇਤਾਂ ਅਨੁਸਾਰ ਜਲਸੇ ਦਾ ਆਯੋਜਨ ਕਰ ਸਕੀਏ । ਬਹਿਰ ਹਾਲ ਐਮ. ਟੀ. ਏ. ਨੇ ਕਿਸੇ ਹੱਦ ਤੱਕ ਇਸ ਕਮੀ ਨੂੰ ਪੂਰਾ ਕਰਨ ਦਾ ਜਤਨ ਕੀਤਾ ਹੈ । ਪ੍ਰੋਗਰਾਮ ਬਣਾਇਆ ਹੈ ਕਿ ਲੰਘੇ ਵਰ੍ਹਿਆਂ ਦੇ ਵੱਖ ਵੱਖ ਦੇਸ਼ਾਂ ਦੇ ਸਾਲਾਨਾ ਜਲਸਿਆਂ ਦੇ ਭਾਸ਼ਣਾ ਨੂੰ ਦਿਖਾਉਣ । ਇਸੇ ਪ੍ਰਕਾਰ ਕੁਝ ਲਾਈਵ ਵੀ ਕਰਨਗੇ ਆਸ ਹੈ ਕਿ ਇਹ ਇਨਸ਼ਾਅਲੱਾਹ ਤਆਲਾ ਜਮਾਤ ਦਾ ਲੋਕਾਂ ਦੀ ਧਾਰਮਕ ਤੇ ਗਿਆਨ ਵਰਧਕ ਤ੍ਰੇਹ ਨੂੰ ਬੁਝਾਉਣ ਲਈ ਸਹਾਇਕ ਹੋਵੇਗੀ । ਇਸ ਦੇ ਨਾਲ ਹੀ ਮੈਂਨੂੰ ਇਹ ਵੀ ਵਿਚਾਰ ਆਇਆ ਕਿ ਚਲਦੇ ਸਾਲ ਵਿੱਚ ਰੱਬ ਦੀਆਂ ਜੋ

ਮਿਹਰਾਂ ਤੇ ਕ੍ਰਿਪਾਵਾਂ ਜੋ ਜਮਾਤ ਉਪੱਰ ਹੋਈਆਂ ਹਨ ਬਜਾਏ ਇਸਦੇ ਕਿ ਬੀਤੇ ਸਾਲ ਦੀ ਰਿਪੋਰਟ ਪੇਸ਼ ਕੀਤੀ ਜਾਏ ਇਸ ਸਾਲ ਦੀ ਤਾਜ਼ਾ ਰਿਪੋਰਟ ਪੇਸ਼ ਕਰਾਂਗਾ ਤਾਂ ਜੋ ਜਮਾਤ ਦੇ ਲੋਕਾਂ ਲਈ ਇਮਾਨ ਦੇ ਸ਼ਰਧਾ ਵਿੱਚ ਵਾਧੇ ਦਾ ਸਬਬ ਹੋਵੇ । ਇਸ ਲਈ ਮੈਂ ਨਿਰਣਾ ਕੀਤਾ ਕਿ ਜੁਮਏ ਦੇ ਖ਼ੁਤਬੇ ਵਿੱਚ ਵੀ ਇਸ ਰਿਪੋਰਟ ਦਾ ਕੁਝ ਹਿਸੱਾ ਵਰਨਣ ਕਰਾਂ ਅਤੇ ਫਿਰ ਕੁਝ ਹਿਸੱਾ ਐਤਵਾਰ ਦੀ ਸ਼ਾਮ ਨੂੰ ਇੱਥੋਂ ਸਿੱਧੇ ਪ੍ਰਸਾਰਣ ਰਾਹੀਂ ਪੇਸ਼ ਕੀਤਾ ਜਾਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਰਿਪੋਰਟ ਦੇ ਵਿਸ਼ੇਸ਼ ਨੁਕਤਿਆਂ ਨੂੰ ਪੇਸ਼ ਕਰਨ ਤੋਂ ਪਹਿਲਾਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਉਹ ਫ਼ਰਮਾਨ ਪੇਸ਼ ਕਰਾਂਗਾ ਜੋ ਇਹਨਾ ਆਇਤਾਂ ਦੀ ਕਿਸੇ ਹੱਦ ਤੱਕ ਵਿਆਖਿਆ ਕਰਦੇ ਹਨ ਜੋ ਮੈਂ ਹੁਣੇ ਪੱੜ੍ਹੀਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਲਗਭਗ ਵੀਹ ਵਰ੍ਹਿਆਂ ਦਾ ਸਮਾਂ ਲੰਘਿਆ ਹੈ ਕਿ ਮੈਨੂੰ ਕੁਰਆਨ ਕਰੀਮ ਦੀ ਇਸ ਆਇਤ ਦਾ ਇਲਹਾਮ ਹੋਇਆ ਅਤੇ ਉਹ ਇਹ ਹੈ ।

ਉਹ ਰੱਬ ਜਿਸਨੇ ਆਪਣੇ ਰਸੂਲਾਂ ਨੂੰ ਮਾਰਗਦਰਸ਼ਕ ਬਣਕੇ ਸੱਚੇ ਧਰਮ ਦੇ ਨਾਲ ਭੇਜਿਆ ਤਾਂ ਜੋ ਉਹ ਆਪਣੇ ਧਰਮ ਨੂੰ ਦੁਨੀਆ'ਤੇ ਗ਼ਾਲਬ ਕਰ ਸਕਣ ਅਤੇ ਮੈਨੂੰ ਇਸ ਇਲਹਾਮ ਦੇ ਇਹ ਅਰਥ ਸਮਝਾਏ ਗਏ ਹਨ ਕਿ ਮੈਂ ਰੱਬ ਵੱਲੋਂ ਇਸ ਲਈ ਭੇਜਿਆ ਗਿਆ ਤਾਂ ਜੋ ਮੇਰੇ ਰਾਹੀਂ ਰੱਬ ਇਸਲਾਮ ਨੂੰ ਸਾਰੀ ਦੁਨੀਆ ਵਿੱਚ ਗ਼ਾਲਬ ਕਰ ਦੇਵੇ । ਅਤੇ ਇਸ ਥਾਂ ਇਹ ਚੇਤੇ ਰਹੇ ਕਿ ਇਹ ਕੁਰਆਨ ਕਰੀਮ ਵਿੱਚ ਇਕ ਮਹਾਨ ਭਵਿੱਖਬਾਣੀ ਹੈ ਜਿਸ ਬਾਰੇ ਵਿਦਵਾਨ ਖੋਜੀਆਂ ਦੀ ਸਹਿਮਤੀ ਹੈ ਕਿ ਇਹ ਮਸੀਹ ਮੌਊਦ ਦੇ ਹੱਥ'ਤੇ ਪੂਰੀ ਹੋਵੇਗੀ । ਮੈਨੂੰ ਦੱਸਿਆ ਗਿਆ ਕਿ ਇਸ ਆਇਤ ਦਾ ਪ੍ਰਮਾਣਕ ਤੂੰ ਹੈਂ ਅਤੇ ਤੇਰੇ ਹੀ ਹਥੱਾਂ ਨਾਲ ਤੇਰੇ ਹੀ ਯੁੱਗ ਵਿੱਚ ਇਸਲਾਮ ਧਰਮ ਦੀ ਵਿਲਖੱਣਤਾ ਦੂਜਿਆਂ ਧਰਮਾ'ਤੇ ਸਾਬਤ ਹੋਵੇਗੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਰਿਪੋਰਟ ਦੇ ਕੁਝ ਹਿੱਸੇ ਪੇਸ਼ ਕਰਦਾ ਹਾਂ । ਰੱਬ ਦੀ ਮਿਹਰ ਨਾਲ ਇਸ ਸਾਲ ਦੁਨੀਆ ਭਰ ਵਿੱਚ ਪਕਿਸਤਾਨ ਤੋਂ ਬਿਨਾ ਜੋ ਨਵੀਆਂ ਜਾਮਾਤਾਂ ਸਥਾਪਨ ਹੋਈਆਂ ਹਨ ਉਹਨਾ ਦੀ ਗਿਣਤੀ 288 ਹੈ ਅਤੇ ਇਹਨਾ ਨਵੀਆਂ ਜਮਾਤਾਂ ਤੋਂ ਬਿਨਾ 1040 ਨਵੇਂ ਅਸਥਾਨਾ'ਤੇ ਪਹਿਲੀ ਵਾਰ ਜਮਾਤ ਦਾ ਪੌਦਾ ਲੱਗਿਆ ਹੈ । ਹਜ਼ੂਰ ਪੁਰਨੂਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਕੌਂਗੋ ਕਨਸਾਸ਼ਾ, ਗੈਂਬੀਆ, ਲਾਈਬੇਰੀਆ, ਫ਼ਿਲਿਪਾਈਨ, ਸੈਨੇਗਾਲ, ਗੋਏਟੇਮਾਲਾ ਨਾਲ ਸੰਬੰਧ ਰਖੱਣ ਵਾਲੀਆ ਪ੍ਰਚਾਰਕ ਗਤੀਵਿਧੀਆਂ ਅਤੇ ਅਹਮਦੀਅਤ ਪਰਵਾਨ ਕਰਨ ਦੇ ਇਮਾਨ ਵਿੱਚ ਵਾਧੇ ਕਰਨ ਵਾਲੀਆਂ ਘਟਨਾਵਾਂ ਸੁਣਾਈਆਂ ।

ਇਸ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਨਵੀਆਂ ਮਸਜਿਦਾਂ ਦੀ ਉਸਾਰੀ ਅਤੇ ਜਮਾਤ ਨੂੰ ਪ੍ਰਾਪਤ ਹੋਣ ਵਾਲੀਆਂ ਮਸਜਿਦਾਂ ਬਾਰੇ ਫ਼ਰਮਇਆ ਕਿ ਰੱਬ ਦੀ ਮਿਹਰ ਨਾਲ ਇਹਨਾ ਦੀ ਸਾਮੂਹਿਕ ਗਿਣਤੀ 217 ਹੈ ਜਿੰਨ੍ਹਾ ਵਿੱਚੋਂ 124 ਨਵੀਆਂ ਮਸਜਿਦਾਂ ਉਸਾਰੀਆਂ ਗਈਆਂ ਹਨ । ਅਤੇ 93 ਮਸਜਿਦਾਂ ਬਣੀਆਂ ਬਣਾਈਆਂ ਮਿਲੀਆਂ ਹਨ । ਦੁਨੀਆ ਦੇ ਬਹੁਤਿਆਂ ਦੇਸ਼ਾਂ ਵਿੱਚੋਂ ਚਾਰ ਮਹਾਦ੍ਵੀਪਾਂ ਵਿੱਚ ਮਸਜਿਦਾਂ ਬਨਾਉਣ ਦਾ ਸੰਜੋਗ ਪ੍ਰਾਪਤ ਹੋਇਆ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਦੁਨੀਆ ਦੇ ਵੱਖ ਵੱਖ ਦੇਸ਼ਾ ਵਿੱਚ ਮਸਜਿਦਾਂ ਦੀ ਉਸਾਰੀ ਬਾਰੇ ਅਤਿਅੰਤ ਇਮਾਨ ਵਿੱਚ ਵਾਧੇ ਕਰਨ ਵਾਲੀਆਂ ਘਟਨਾਵਾਂ ਸੁਣਾਈਆਂ । ਜਿਸ ਵਿੱਚ ਨਾਰਵੇ ਦੀ ਘਟਨਾ ਵੀ ਬਹੁਤ ਮਨਭਾਉਂਦੀ ਹੈ । ਇੱਥੇ ਜੱਦ ਮਸਜਿਦ ਬਨਾਉਣ ਦੇ ਮਨਸੂਬੇ ਨਾਲ ਕੰਮ ਅਰੰਭ ਕੀਤਾ ਗਿਆ ਤਾਂ ਲੋਕਾਂ ਨੇ ਵਿਰੋਧਤਾ ਅਰੰਭ ਕਰ ਦਿੱਤੀ ਅਤੇ ਨੇੜੇ ਦੇ ਇਕ ਚਰਚ ਨੇ ਵੀ ਵਿਰੋਧਤਾ ਕੀਤੀ । ਪਰ ਰੱਬ ਦੀ ਤਕਦੀਰ ਕੁਝ ਇਸ ਪ੍ਰਕਾਰ ਵਾਪਰੀ ਕਿ ਉਹੋ ਚਰਚ ਜੋ ਸਾਡੀ ਵਿਰੋਧਤਾ ਕਰ ਰਿਹਾ ਸੀ ਉਸਦੇ ਪ੍ਰਬੰਧਕਾਂ ਕੋਲੋਂ ਚਰਚ ਨ ਸੰਭਾਲਿਆ ਗਿਆ ਅਤੇ ਉਹਨਾ ਨੇ ਚਰਚ ਵੇਚਣ ਦਾ ਨਿਰਣਾ ਕੀਤਾ ਅਤੇ ਜਮਾਤ ਵੱਲੋਂ ਚਰਚ ਦੀ ਇਮਾਰਤ ਮਸਜਿਦ ਦੇ ਰੂਪ ਵਿੱਚ ਖ਼ਰੀਦ ਲਈ ਗਈ ।

ਰੱਬ ਦੀ ਅਪਾਰ ਮਿਹਰ ਨਾਲ ਇਸ ਸਾਲ 97 ਮਿਸ਼ਨ ਹਾਊਸਜ਼ ਦਾ ਵੀ ਵਾਧਾ ਹੋਇਆ ਹੈ । ਜਮਾਤ ਅਹਮਦੀਆ ਦਾ ਇਕ ਵਿਸ਼ੇਸ਼ ਵਿਲਖੱਣ ਗੁਣ 'ਵਕਾਰੇ ਅਮਲ' (ਰਲਮਿਲਕੇ ਕੋਈ ਚੰਗਾ ਕੰਮ ਕਰਨਾ) ਹੈ । 148 ਦੇਸ਼ਾਂ ਵਿੱਚੋਂ ਪ੍ਰਾਪਤ ਰਿਪੋਰਟਾਂ ਅਨੁਸਾਰ 114 ਦੇਸ਼ਾਂ ਵਿੱਚ ਇਕਤਾਲ੍ਹੀ ਹਜ਼ਾਰ ਇਕ ਸੌ ਗਿਆਰਾਂ (41,111) ਵਕਾਰੇ ਅਮਲ ਕੀਤੇ ਗਏ । ਜਿੰਨ੍ਹਾ ਰਾਹੀਂ ਬਵੰਜਾ ਲੱਖ ਤੇਰ੍ਹਾਂ ਹਜ਼ਾਰ (52,13000) ਯੂ.ਐਸ. ਡਾਲਰ ਦੀ ਬਚਤ ਹੋਈ । ਇਸ ਨਾਲ ਦੱਸ ਹੋਰ ਨਵੀਆਂ ਮਸਜਿਦਾਂ ਬਨਾਉਣ ਦਾ ਰੱਬ ਨੇ ਸੰਜੋਗ ਪ੍ਰਦਾਨ ਕਰ ਦਿਤੱਾ । ਇਸ ਪ੍ਰਕਾਰ ਰੱਬ ਸਾਡੇ ਪੈਸਿਆਂ ਵਿੱਚ ਵੀ ਬਰਕਤ ਪਾਉਂਦਾ ਹੈ ।

ਰਕੀਮ ਪ੍ਰੈਸ ਰਾਹੀਂ ਵੀ ਕੰਮ ਹੋ ਰਿਹਾ ਹੈ । ਇਸ ਰਾਹੀਂ ਤਿੰਨ ਲੱਖ ਸੱਠ ਹਜ਼ਾਰ ਦੋ ਸੌ ਚਾਲ੍ਹੀ (3,60,240) ਕਿਤਾਬਾਂ ਛਪੀਆਂ ਹਨ । ਕਾਇਦਾ ਯਸੱਰਨਲ ਕੁਰਆਨ ਦੇ ਅਖੱਰਾਂ ਦੀ ਬਣਤਰ'ਤੇ ਕੁਰਆਨ ਕਰੀਮ ਦੀ ਪ੍ਰਕਾਸ਼ਨਾ ਹੋਈ ਹੈ । ਇਹ ਕੰਮ ਕਾਦੀਆਂ ਦੀ ਜਮਾਤ ਦੇ ਸੁਪੁਰਦ ਕੀਤਾ ਗਿਆ ਸੀ । ਨਜ਼ਾਰਤ ਨਸ਼ਰੋ ਇਸ਼ਾਤ ਕਾਦੀਆਂ ਨੇ ਇਸ'ਤੇ ਬਹੁਤ ਕੰਮ ਕੀਤਾ ਹੈ । ਅਲਹਮਦੁਲਿਲੱਾਹ (ਰੱਬ ਦੀ ਅਪਾਰ ਮਿਹਰ ਨਾਲ) ਬਹੁਤ ਹੀ ਸੁੰਦਰ ਤੇ ਮਨ ਭਾਉਂਦਾ ਕੁਰਆਨ ਕਰੀਮ ਹੈ, ਰੰਗੀਨ ਬਾਡਰਾਂ ਨਾਲ ਸੋਹਣੀ ਤੇ ਸੁੰਦਰ ਜਿਲਦ ਹੈ । ਇਸ ਕੁਰਆਨ ਕਰੀਮ ਦਾ ਅਖੱਰੀ ਫ਼ੋਂਟ ਯਸੱਰਨਲ ਕੁਰਆਨ ਦੇ ਫ਼ੋਂਟ'ਤੇ ਪਾਇਆ ਗਿਆ ਹੈ ਅਤੇ ਇਸ ਫ਼ੋਂਟ ਦਾ ਨਾਂ 'ਖ਼ਤ ਮੰਜ਼ੂਰ' ਰੱਖਿਆ ਗਿਆ ਹੈ ਅਤੇ ਇਹ ਜਮਾਤ ਅਹਮਦੀਆ ਦਾ ਵਿਸ਼ੇਸ਼ ਫ਼ੋਂਟ ਹੈ ਜੋ ਹੋਰਨਾ ਥਾਵਾਂ'ਤੇ ਉਪਲਭਦ ਨਹੀਂ ਹੈ ਅਤੇ ਬਹੁਤ ਹੀ ਸੌਖਾ ਹੈ ਪੜ੍ਹਨ ਵਿੱਚ ਵੀ । ਜਿੰਨ੍ਹੀਆਂ ਵੀ ਸਾਡੇ ਮਾਰਗ ਵਿੱਚ ਕੁਰਆਨ ਕਰੀਮ ਦੇ ਪ੍ਰਕਾਸ਼ਨ ਲਈ ਅਤੇ ਪੜ੍ਹਨ ਲਈ ਅਕੇ ਕੋਲ ਰਖੱਣ ਲਈ ਰੋਕਾਂ ਲਾਈਆਂ ਜਾ ਰਹੀਆਂ ਹਨ ਪਾਕਿਸਤਾਨ ਵਿੱਚ ਰੱਬ ਓਨ੍ਹੇ ਬਹੁਤੇ ਤੇ ਚੰਗੇ ਮਾਰਗ ਸਾਡੇ ਲਈ ਖੋਲਦਾ ਜਾ ਰਿਹਾ ਹੈ ।

ਇਸ ਸਮੇਂ ਦੁਨੀਆ ਭਰ ਵਿੱਚ ਉਨੱਤੀ (29) ਭਾਸ਼ਾਵਾਂ ਵਿੱਚ 94 ਵਿਦਿਅਕ ਤੇ ਸੀਖ ਸਿੱਖਿਆਂ ਨਾਲ ਸੰਬੰਧ ਰਖੱਣ ਵਾਲੇ ਲੇਖਾਂ'ਤੇ ਅਧਾਰਤ ਅਖ਼ਬਾਰਾਂ ਤੇ ਰਸਾਲੇ ਪ੍ਰਕਾਸ਼ਤ ਹੋ ਰਹੇ ਹਨ । ਵਕਾਲਤੇ ਇਸ਼ਾਅਤ ਦਾ ਡਾਕ ਭਿਜਵਾਉਣ ਦਾ ਇਕ ਵਖੱਰਾ ਵਿਭਾਗ ਹੈ ਇੱਥੋਂ 24 ਭਾਸ਼ਾਵਾਂ ਵਿੱਚ ਇਕ ਲੱਖ ਨੱਬੇ ਹਜ਼ਾਰ (1,90,000) ਤੋਂ ਵੱਧ ਕਿਤਾਬਾਂ ਸੰਸਾਰ ਦੇ ਵੱਖ ਵੱਖ ਦੇਸ਼ਾਂ ਨੂੰ ਭਿਜਵਾਈਆਂ ਗਈਆਂ । ਇਸ ਤੋਂ ਬਿਨਾ ਵੱਖ ਵੱਖ ਦੇਸ਼ਾਂ ਵਿੱਚ 709 ਵੱਖ ਵੱਖ ਸਿਰਲੇਖਾਂ ਹੇਠ ਕਿਤਾਬਾਂ, ਫ਼ੋਲਡਰਜ਼ ਤੇ ਪੰਫ਼ਲੈਟ ਤ੍ਰੇਠ ਲੱਖ ਸਤਾਸੀ ਹਜ਼ਾਰ (63,87,000) ਦੀ ਗਿਣਤੀ ਵਿੱਚ ਮੁਫ਼ਤ ਵੰਡੇ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਾਲ 111 ਦੇਸ਼ਾਂ ਵਿੱਚ ਸਾਮੂਹਿਕ ਰੂਪ ਵਿੱਚ ਤਰਾਨਵੇਂ ਲੱਖ ਸਤਵੰਜਾ ਹਜ਼ਾਰ (93,57,000) ਤੋਂ ਵੱਧ ਲ਼ੀਫ਼ਲੈਟਸ ਵੰਡੇ ਗਏ, ਜਿਸ ਰਾਹੀਂ ਦੋ ਕਰੋੜ ਸਤਾਈ ਲੱਖ ਲੋਕਾਂ ਤੱਕ ਸੰਦੇਸ਼ ਪਹੁੰਚਿਆ। ਕੁਰਆਨ ਮਜੀਦ ਅਤੇ ਜਮਾਤ ਦੇ ਲਿਟ੍ਰੇਚਰ ਦੀ ਨੁਮਾਇਸ਼ਾਂ ਦਾ ਆਯੋਜਨ ਕੀਤਾ ਗਿਆ । ਪ੍ਰਾਪਤ ਰਿਪੋਰਟਾਂ ਅਨੁਸਾਰ ਸੱਤ ਹਜ਼ਾਰ ਪੰਜ ਸੌ ਚਾਲ੍ਹੀ (7540) ਨੁਮਾਇਸ਼ਾਂ ਰਾਹੀਂ ਤਿੰਨ ਲੱਖ ਤਰਤਾਲ੍ਹੀ ਹਜ਼ਾਰ ਤੋਂ ਵੱਧ ਲੋਕਾਂ ਤੱਕ ਇਸਲਾਮ ਦਾ ਸੰਦੇਸ਼ ਪਹੁੰਚਿਆ ।

ਦਸੰਬਰ 2019 ਈ. ਵਿੱਚ ਵਿਭਾਗ ਨੂਰੁਲ ਇਸਲਾਮ ਭਾਰਤ ਨੇ ਬੁਕ ਫ਼ੇਅਰ ਵਿੱਚ ਭਾਗ ਲਿਆ ਅਤੇ ਇਸ ਵਿੱਚ ਉੱਥੋਂ ਦੇ ਇਕ ਬਹੁਤ ਵੱਡੇ ਹਿੰਦੂ ਸਕਾਲਰ ਆਏ ਅਤੇ ਕੁਝ ਮਿੰਟਾਂ ਮਗਰੋਂ ਉਹਨਾ ਨੇ ਕੁਰਆਨ ਕਰੀਮ'ਤੇ ਇਤਰਾਜ਼ ਕਰ ਦਿਤੱਾ । ਉਕਤ ਸਕਾਲਰ ਨੂੰ ਦੋ ਘੰਟੇ ਤੱਕ ਉਹਨਾ ਦੇ ਸਾਰਿਆਂ ਪ੍ਰਸ਼ਨਾਂ ਤੇ ਇਤਰਾਜ਼ਾਂ ਦੇ ਤਸੱਲੀ ਭਰੇ ਉੱਤਰ ਦਿੱਤੇ ਗਏ, ਇਸ'ਤੇ ਉਹਨਾ ਨੇ ਖੁਲੱਕੇ ਪ੍ਰਕਟਾ ਕੀਤਾ ਕਿ ਅੱਜ ਤੱਕ ਮੈਂ ਐਨ੍ਹੇ ਤਸੱਲੀ ਭਰੇ ਉੱਤਰ ਨਹੀਂ ਸੁਣੇ । ਮੈਂ ਇਸਲਾਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਅਸੰਖ ਮੌਲਵੀਆਂ ਕੋਲ ਗਿਆ ਹਾਂ ਪਰ ਮੌਲ੍ਹਵੀ ਮੇਰੇ ਪ੍ਰਸ਼ਨਾਂ ਦੇ ਉੱਤਰ ਇਸ ਪ੍ਰਕਾਰ ਦਿੰਦੇ ਸਨ ਕਿ ਮੇਰੇ ਅੰਦਰ ਇਸਲਾਮ ਦੇ ਕੁਰਆਨ ਕਰੀਮ ਨਾਲ ਸਹਾਨੁਭੁਤੀ ਦੀ ਥਾਂ ਘ੍ਰਿਣਾ ਤੇ ਵਿਸ਼ ਭਰਦਾ ਗਿਆ ਅਤੇ ਮਿਤੱਰਾਂ ਨਾਲ ਮਿਲਕੇ ਅਸੀਂ ਇਹ ਨਿਰਣਾ ਕੀਤਾ ਕਿ ਇਸਲਾਮ ਦੇ ਵਿਰੁਧ ਇਕ ਟੀਵੀ ਚੈਨਲ ਖੋਲ੍ਹਿਆ ਜਾਏ, ਪਰ ਹੁਣ

ਆਪ ਲੋਕਾਂ ਨੇ ਮੇਰੀ ਦੁਨੀਆ ਹੀ ਬਦਲ ਦਿੱਤੀ ਹੈ । ਇਹ ਐਨੇ੍ਹ ਪ੍ਰਭਾਵਤ ਹੋਏ ਕਿ ਜਾਂਦਿਆਂ ਹੋਇਆਂ ਇਕ ਵਾਦਾ ਕਰਕੇ ਗਏ ਕਿ ਮੈਂ ਅੱਜ ਦੇ ਬਾਦ ਇਸਲਾਮ ਤੇ ਕੁਰਆਨ ਕਰੀਮ ਦੀ ਵਿਰੋਧਤਾ ਵਿੱਚ ਕੁਝ ਨਹੀਂ ਕਹਾਂਗਾ ।

ਅਗਰਾ ਬੁਕ ਫ਼ੇਅਰ ਦੇ ਮੌਕੇ'ਤੇ ਲੋਕਲ ਅਖ਼ਬਾਰ ਅਗਰ ਭਾਰਤ ਦੇ ਰਿਪੋਰਟਰ ਸਾਡੇ ਸਟਾਲ'ਤੇ ਆਏ । ਇਹਨਾ ਨੇ ਉਮੱਤ ਦੀ ਮਾੜ੍ਹੀ ਹਾਲਤ ਦਾ ਪ੍ਰਗਟਾਵਾ ਕੀਤਾ । ਜਿਸ'ਤੇ ਇਹਨਾਂ ਨੂੰ ਜਮਾਤ ਅਹਮਦੀਆ ਰਾਹੀਂ ਕੀਤੀ ਜਾਣ ਵਾਲੀਆਂ ਇਸਲਾਮ ਪ੍ਰਤੀ ਸੇਵਾਵਾਂ ਦੀ ਜਾਣਕਾਰੀ ਦਿੱਤੀ ਤਾਂ ਬਹੁਤ ਪ੍ਰਭਾਵਤ ਹੋਏ ਅਤੇ ਇਸ ਕੰਮ ਵਿੱਚ ਸਾਡੀ ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਵਾਅਦਾ ਕੀਤਾ । ਇਹਨਾ ਨੇ ਆਪਣੇ ਰਾਬਤਿਆਂ ਰਾਹੀਂ ਸਾਡੇ ਸੰਦੇਸ਼ ਨੂੰ ਹੋਰਨਾ ਤਿੰਨ ਹੋਰ ਟੀਵੀ ਚੈਨਲਾਂ ਉੱਤੇ ਵੀ ਪ੍ਰਸਾਰਣ ਕਰਵਾਇਆ ਜਿਸ ਰਾਹੀਂ ਲਖੱਾਂ ਲੋਕਾਂ ਤੱਕ ਜਮਾਤ ਅਹਮਦੀਆ ਦਾ ਸੰਦੇਸ਼ ਪਹੁੰਚਿਆ ।

ਚੰਦੀਗੜ੍ਹ ਵਿੱਚ ਪੀਸ ਸਿਮਪੋਜ਼ੀਅਮ ਦੇ ਆਯੋਜਨ'ਤੇ ਇਕ ਅਫ਼ਗ਼ਾਨ ਮਿਤੱਰ ਉਬੈਦੁਲੱਾਹ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਾਰੇ ਦੱਸਿਆ ਗਿਆ ਤਾਂ ਉਹਨਾ ਦਾ ਚਿਹਰਾ ਸੁਰਖ਼ ਹੋ ਗਿਆ ਕੰਬਣ ਲੱਗੇ ਅਤੇ ਵਾਰ ਵਾਰ ਇਹੋ ਕਹਿੰਦੇ ਰਹੇ ਕਿ ਕੀ ਇਹ ਸੱਚ ਹੈ ਕਿ ਮਸੀਹ ਮੌਊਦ ਆ ਗਿਆ ? ਇਸ ਦੇ ਬਾਦ ਉਹਨਾ ਨੂੰ ਹਜ਼ਰਤ ਮਸੀਹ ਮੌਊਦ ਦੇ ਸ਼ਬਦਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਵੱਡਿਆਈ ਤੇ ਸ਼ਾਨ ਦੱਸੀ ਗਈ ਤਾਂ ਬਹੁਤ ਹੀ ਭਾਵਨਾਤਮਕ ਹੋ ਕੇ ਸਾਡੇ ਅਹਮਦੀ ਮਿਤੱਰਾਂ ਦੇ ਮੱਥਿਆਂ ਨੂੰ ਚੁੰਮਿਆ ਅਤੇ ਕਿਹਾ ਕਿ ਇਸਲਾਮ ਦੀ ਹਕੀਕੀ ਤਾਲੀਮ ਇਹੋ ਹੈ ਜੋ ਆਪ ਰਾਹੀਂ ਦੁਨੀਆ ਵਿੱਚ ਪੇਸ਼ ਕੀਤੀ ਜਾ ਰਹੀ ਹੈ ।

ਹਜ਼ੂਰ ਅਨਵਰ ਨੇ ਫ਼ਰਮਇਆ : ਇਨਸ਼ਾਅਲੱਾਹ ਤਆਲਾ ਐਤਾਵਾਰ ਦੀ ਸ਼ਾਮ ਨੂੰ 4 ਵਜੇ ਸੰਖੇਪ ਜਿਹੀ ਗੈਦਰਿੰਗ ਦੇ ਸਾਹਮਣੇ ਜਲਸੇ ਦੇ ਦ੍ਰਿਸ਼ ਅਨੁਸਾਰ ਬਾਕੀ ਦਾ ਹਿਸੱਾ ਵੀ ਵਰਨਣ ਕਰਾਂਗਾ ਜਿੱਥੋਂ ਸਾਰੀ ਦੁਨੀਆ ਐਮ.ਟੀ.ਏ. ਰਾਹੀਂ ਸੁਣ ਲਏਗੀ ਅਤੇ ਇਹਨਾ ਮਿਹਰਾਂ ਨੂੰ ਚਲਦੇ ਸਾਲ ਵਿੱਚ ਰੱਬ ਨੇ ਜਮਾਤ ਅਹਮਦੀਆ ਨੂੰ ਪ੍ਰਦਾਨ ਕੀਤੇ ਹਨ । ਇਹਨਾ ਦਾ ਵਰਨਣ ਹੋ ਜਾਏਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ
فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ، عِبَادَ اللّٰہِ رحمکم اللّٰہ اِنَّ اللّٰہَ یَأْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 07.08.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131